# ਪ੍ਰਾਰਥਨਾ ਦਾ ਗਲੋਬਲ ਉਤਸਵ 2025

**ਉਸਤਤ**—ਪਰਮੇਸ਼ੁਰ ਜੇਤੂ ਹੈ: ਉਹ ਜਿਸ ਨੇ ਇੱਕ ਵਿਰੋਧੀ ਨੂੰ ਹਰਾਇਆ ਜਾਂ ਜਿਸ 'ਤੇ ਜਿੱਤ ਪ੍ਰਾਪਤ ਕੀਤੀ ਹੈ; ਅਰਥਾਤ ਜੇਤੂ; ਬਚਾਉਣ ਲਈ; ਛੁਡਾਉਣ ਲਈ; ਜਿੱਤ ਲਈ; ਜਿੱਤਣ ਲਈ।

**1 ਇਤਹਾਸ 29:11** (ਬੀਐਸਆਈ ਬਾਈਬਲ) ਹੇ ਯਹੋਵਾਹ, ਵਡਿਆਈ ਅਤੇ ਸ਼ਕਤੀ ਅਤੇ ਪ੍ਰਤਾਪ ਅਤੇ ਫਤਹ ਅਤੇ ਮਹਿਮਾ ਤੇਰੀ ਹੀ ਹੈ ਕਿਉਂ ਜੋ ਸੱਭੋ ਕੁਝ ਜਿਹੜਾ ਅਕਾਸ਼ ਅਤੇ ਧਰਤੀ ਦੇ ਵਿੱਚ ਹੈ ਤੇਰਾ ਹੀ ਹੈ। ਹੇ ਯਹੋਵਾਹ, ਰਾਜ ਤੇਰਾ ਹੀ ਹੈ, ਤੂੰ ਸਭਨਾਂ ਦੇ ਸਿਰ ਉੱਤੇ ਅੱਤ ਉੱਚੇ ਤੋਂ ਉੱਚਾ ਹੈਂ।

**ਜ਼ਬੂਰ 98:1** (ਬੀਐਸਆਈ ਬਾਈਬਲ) ਯਹੋਵਾਹ ਲਈ ਇੱਕ ਨਵਾਂ ਗੀਤ ਗਾਓ, ਕਿਉਂ ਜੋ ਉਹ ਨੇ ਅਚਰਜ ਕੰਮ ਕੀਤੇ ਹਨ, ਉਹ ਦੇ ਸੱਜੇ ਹੱਥ ਅਤੇ ਉਹ ਦੀ ਪਵਿੱਤਰ ਬਾਂਹ ਨੇ ਉਹ ਦੇ ਲਈ ਫ਼ਤਹ ਪਾਈ ਹੈ।

**ਕਹਾਉਤਾਂ 21:31** (ਬੀਐਸਆਈ ਬਾਈਬਲ) ਜੁੱਧ ਦੇ ਦਿਨ ਲਈ ਘੋੜਾ ਤਿਆਰ ਰਹਿੰਦਾ ਹੈ, ਪਰ ਜਿੱਤ ਯਹੋਵਾਹ ਦੀ ਵੱਲੋਂ ਹੁੰਦੀ ਹੈ।।

**1 ਕੁਰਿੰਥੀਆਂ 15:57-58** (ਬੀਐਸਆਈ ਬਾਈਬਲ) … ਪਰ ਧੰਨਵਾਦ ਹੈ ਪਰਮੇਸ਼ੁਰ ਦਾ ਜੋ ਸਾਨੂੰ ਸਾਡੇ ਪ੍ਰਭੁ ਯਿਸੂ ਮਸੀਹ ਦੇ ਰਾਹੀਂ ਫਤਹ ਬਖਸ਼ਦਾ ਹੈ! 58ਸੋ ਹੇ ਮੇਰੇ ਪਿਆਰੇ ਭਰਾਵੋ, ਤੁਸੀਂ ਇਸਥਿਰ ਅਤੇ ਅਡੋਲ ਹੋਵੋ ਅਤੇ ਪ੍ਰਭੁ ਦੇ ਕੰਮ ਵਿੱਚ ਸਦਾ ਵੱਧਦੇ ਜਾਉ ਕਿਉਂ ਜੋ ਤੁਸੀਂ ਜਾਣਦੇ ਹੋ ਜੋ ਪ੍ਰਭੁ ਵਿੱਚ ਤੁਹਾਡੀ ਮਿਹਨਤ ਥੋਥੀ ਨਹੀਂ ਹੈ।।

**ਇਕਰਾਰ ਕਰਨਾ**—**1 ਯੂਹੰਨਾ 1:9** (ਬੀਐਸਆਈ ਬਾਈਬਲ) ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।

**ਧੰਨਵਾਦ ਦੇਣਾ**—**ਜ਼ਬੂਰ 20:5** (ਬੀਐਸਆਈ ਬਾਈਬਲ) ਅਸੀਂ ਤੇਰੇ ਬਚਾਓ ਦੇ ਕਾਰਨ ਜੈ ਜੈ ਕਾਰ ਕਰਾਂਗੇ, ਅਤੇ ਆਪਣੇ ਪਰਮੇਸ਼ੁਰ ਦੇ ਨਾਮ ਤੋਂ ਆਪਣੇ ਝੰਡੇ ਖੜੇ ਕਰਾਂਗੇ। ਯਹੋਵਾਹ ਤੇਰੀਆਂ ਸਾਰੀਆਂ ਮੰਗਾਂ ਨੂੰ ਪੂਰਾ ਕਰੇ।।

**ਵਿਚੋਲਗੀ ਕਰਨੀ**—ਬੱਚੇ: ਅਸੀਂ ਪ੍ਰਾਰਥਨਾ ਕਰਦੇ ਹਾਂ _______ ਤਾਂ ਜੋ ਉਨ੍ਹਾਂ ਦੀ ਨਿਹਚਾ ਮਨੁੱਖਾਂ ਦੀ ਬੁੱਧ ਉੱਤੇ ਨਹੀਂ ਸਗੋਂ ਪਰਮੇਸ਼ੁਰ ਦੀ ਸਮਰੱਥਾ ਉੱਤੇ ਠਹਿਰੇ।। **1 ਕੁਰਿੰਥੀਆਂ 2:5 ਤੋਂ**

**ਗੈਰ-ਵਿਸ਼ਵਾਸੀ:** ਅਸੀਂ ਪ੍ਰਾਰਥਨਾ ਕਰਦੇ ਹਾਂ ਕਿ _______ ਜਾਣ ਲੈਣ ਭਈ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ।। ਰਸੂਲਾਂ ਦੇ ਕਰਤੱਬ **4:12** ਤੋਂ

**ਅਧਿਆਪਕ:** ਅਸੀਂ ਪ੍ਰਾਰਥਨਾ ਕਰਦੇ ਹਾਂ ਕਿ _______ ਕੋਈ ਗੰਦੀ ਗੱਲ ਤੁਹਾਡੇ ਮੂੰਹੋਂ ਨਾ ਨਿੱਕਲੇ ਸਗੋਂ ਜਿਵੇਂ ਲੋੜ ਪਵੇ ਉਹ ਗੱਲ ਨਿੱਕਲੇ ਜਿਹੜੀ ਹੋਰਨਾਂ ਦੀ ਉੱਨਤੀ ਲਈ ਚੰਗੀ ਹੋਵੇ ਭਈ ਸੁਣਨ ਵਾਲਿਆਂ ਉੱਤੇ ਕਿਰਪਾ ਹੋਵੇ।। ਅਫ਼ਸੀਆਂ **4:29** ਤੋਂ

**ਸਕੂਲਾਂ ਲਈ:** ਪਰਮੇਸ਼ੁਰ ਸੁਰਗੋਂ ਸੁਣ ਕੇ ਆਪਣੇ ਦਾਸਾਂ ਤੇ ਅਤੇ _______ ਸੂਕਲ ਦੇ ਪਾਪ ਨੂੰ ਖਿਮਾ ਕਰੇ ਤਾਂ ਜੋ ਤੂੰ _______ ਸਕੂਲ ਚੰਗੀ ਰਾਹ ਜਿਸ ਦੇ ਵਿੱਚ ਉਨ੍ਹਾਂ ਨੂੰ ਤੁਰਨਾ ਚਾਹੀਦਾ ਹੈ, ਸਿਖਲਾਵੇਂ।। **1 ਰਾਜਿਆਂ 8:36**ਉ ਬੀਐਸਆਈ ਬਾਈਬਲ ਤੋਂ

**ਐਮਆਈਪੀ**: ਪਰਮੇਸ਼ੁਰ ਤੇਜ ਵਿੱਚ ਆਪਣੇ ਧਨ ਦੇ ਅਨੁਸਾਰ ਸਾਰੇ ਐਮਆਈਪੀ ਦੀਆਂ ਹਰੇਕ ਥੁੜ ਨੂੰ ਮਸੀਹ ਯਿਸੂ ਵਿੱਚ ਸੰਪੂਰਨ ਕਰੇ ਫ਼ਿਲਿੱਪੀਆਂ **4:19** ਬੀਐਸਆਈ ਬਾਈਬਲ ਤੋਂ

**ਆਸ਼ੀਸ਼ ਬਚਨ:** ਪ੍ਰਭੁ ਯਿਸੂ ਮਸੀਹ ਦੀ ਕਿਰਪਾ, ਪਰਮੇਸ਼ੁਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ।। **2 ਕੁਰਿੰਥੀਆਂ 13:14**

Moms in Prayer INTERNATIONAL™
ਪ੍ਰਾਰਥਨਾ ਵਿੱਚ ਮਾਵਾਂ ਇੰਟਰਨੈਸ਼ਨਲ